2025/4215

# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

## ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ- ਬਲਾਕ, ਚੌਥੀ ਮੰਜ਼ਿਲ, ਫੇਜ਼-8, ਸਅਸ ਨਗਰ

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ: ਸਿ)

ਪੰਜਾਬ।

ਮਿਤੀ: 26.09.2025

ਮੀਮੋ ਨੰ:815470/236

ਵਿਸ਼ਾ:- "ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਕੂਲਾਂ ਵਿੱਚ ਗੁਪਤ ਸੂਚਨਾ ਬਾਕਸ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ ਨੌਵੀ ਤੋਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸ ਉਮਰ ਦੇ ਵਿਦਿਆਰਥੀ ਨਸ਼ਿਆਂ ਵੱਲ ਜਲਦੀ ਆਕਰਸ਼ਿਤ ਹੋ ਜਾਂਦੇ ਹਨ, ਇਸ ਕਰਕੇ ਇਹਨਾਂ ਲਈ ਸੁਰੱਖਿਅਤ ਮਾਹੌਲ ਸਿਰਜਣਾ ਬਹੁਤ ਜਰੂਰੀ ਹੁੰਦਾ ਹੈ, ਜਿਸ ਵਿੱਚ ਉਹ ਬਿਨਾਂ ਕਿਸੇ ਡੈਅ ਜਾਂ ਝਿੱਜਕ ਦੇ ਆਪਣੀਆਂ ਭਾਵਨਾਵਾਂ ਪ੍ਰਗਟ ਕਰ ਸਕਦੇ ਹੋਣ।

ਇਸ ਮੁਹਿੰਮ ਤਹਿਤ ਪੰਜਾਬ ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇੱਕ ਗੁਪਤ ਸੂਚਨਾ ਬਾਕਸ ਇੰਸਟਾਲ ਕਰਵਾਇਆ ਜਾਣਾ ਹੈ, ਜਿਸ ਵਿੱਚ ਵਿਦਿਆਰਥੀ,ਅਧਿਆਪਕ ਅਤੇ ਨਾਨ – ਟੀਚਿੰਗ ਸਟਾਫ ਨਸ਼ਿਆਂ ਸਬੰਧੀ ਗੁਪਤ ਸੂਚਨਾ ਸਲਿਪ ਤੇ ਦੇ ਸਕਦੇ ਹਨ। ਨਾਲ ਨੱਥੀ ਨਮੂਨੇ ਅਨੁਸਾਰ ਪ੍ਰਤੀ ਸਕੂਲ 500 ਸਲਿਪਾਂ ਪ੍ਰਿੰਟ ਕਰਵਾ ਕੇ ਵਿਦਿਆਰਥੀਆਂ ਨੂੰ ਵੰਡੀਆਂ ਜਾਣ। ਇਹ ਸੂਚਨਾ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ:-

- ਸਕੂਲ ਕੈਂਪਸ ਦੇ ਅੰਦਰ ਜਾਂ ਬਾਹਰ ਨਸ਼ਿਆਂ ਦੀ ਵਰਤੋਂ ਸਬੰਧੀ ਜਾਣਕਾਰੀ।
- ਨਸ਼ਾ ਸਪਲਾਈ ਕਰਨ ਨਾਲ ਸਬੰਧਤ ਵਿਅਕਤੀਆਂ ਦੀ ਜਾਣਕਾਰੀ।
- ਉਸ ਜਗ੍ਹਾ ਦੀ ਜਾਣਕਾਰੀ, ਜਿੱਥੇ ਨਸ਼ੇ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਵੇਚਿਆ ਜਾਂਦਾ ਹੈ।
- ਨਸ਼ਿਆਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ।
- ਨਸ਼ਿਆਂ ਦੀ ਰੋਕਥਾਮ ਸਬੰਧੀ ਸੁਝਾਅ ।

ਸੂਚਨਾਂ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ । ਸੂਚਨਾਂ ਦੇਣ ਸਬੰਧੀ ਨੁਕਤੇ ਇਸ ਤਰ੍ਹਾਂ ਹਨ:-

- ਸੂਚਨਾਂ ਦੇਣ ਸਮੇਂ ਸਲਿਪ ਤੇ ਆਪਣਾ ਨਾਮ ਨਾ ਲਿਖੋ ।
- ਸੂਚਨਾਂ ਪੂਰੀ ਤਰ੍ਹਾਂ ਸਪਸ਼ਟ ਹੋਵੇ ।
- ਸਲਿਪ ਨੂੰ ਮੋੜੋ ਅਤੇ ਇਸ ਨੂੰ ਗੁਪਤ ਸੂਚਨਾਂ ਬਾਕਸ ਵਿੱਚ ਪਾ ਦਿਓ ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1941 ਮਿਤੀ 30-09-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

30/09/25

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ

Scanned with OKEN Scanner

ਆਪ ਅਧੀਨ ਆਉਂਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਅਮਲਗਾਮੇਟਿਡ ਫੰਡ ਵਿੱਚੋਂ ਲੋਹੇ ਦਾ ਇੱਕ ਬਾਕਸ ਤਿਆਰ ਕਰਵਾਉਣ, ਜਿਸ ਦੀ ਉੱਚਾਈ 18 ਇੰਚ, ਲੰਬਾਈ 12 ਇੰਚ ਅਤੇ ਚੌੜਾਈ 9 ਇੰਚ ਹੋਵੇ ਅਤੇ ਇਸ ਨੂੰ ਸਕੂਲ ਵਿੱਚ ਕਿਸੇ ਕੇਂਦਰੀ ਸ੍ਥਾਨ ਜਿੱਥੋਂ ਇਹ ਹਰ ਇੱਕ ਨੂੰ ਦਿਖਾਈ ਦਿੰਦਾ ਹੋਵੇ, ਇੰਸਟਾਲ ਕਰਵਾਇਆ ਜਾਵੇ। ਇਸ ਗੁਪਤ ਸੂਚਨਾਂ ਬਾਕਸ ਅਤੇ ਸਲਿਪ ਦਾ ਨਮੂਨਾ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ

ਗੁਰਿੰਦਰ ਸਿੰਘ ਸੋਢੀ ਪੀ.ਸੀ.ਐਸ.
ਡਾਇਰੈਕਟਰ ਸਕੂਲ ਸਿੱਖਿਆ(ਸੈਕੰਡਰੀ)
ਪੰਜਾਬ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ (ਸੈ:ਸਿੱ.)ਪੰਜਾਬ।
2. ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਬਲਵਿੰਦਰ ਸਿੰਘ ਸੈਣੀ
ਸਹਾਇਕ ਡਾਇਰੈਕਟਰ
-ਕਮ- ਸਟੇਟ ਨੋਡਲ ਅਫਸਰ
'ਯੁੱਧ ਨਸ਼ਿਆਂ ਵਿਰੁੱਧ'।

# YUDH NASHIAN VIRUDH

**(For Students, Teachers and Non-Teaching staff)**
**Please provide any information you have about:**

- Drug use inside or outside School

  ------------------------------------------------------------------------------------------------

- Persons involved in Drug supply

  ------------------------------------------------------------------------------------------------

- Locations where drugs are being consumed or sold

  ------------------------------------------------------------------------------------------------

- Any Suspicious activity related to Drugs

  ------------------------------------------------------------------------------------------------

**Your Identity will be kept completely secret**

**Instructions:**

- Don't write your Name
- Be clear and specific in your information.
- Fold the Slip and put it inside the information box

# ਯੁੱਧ ਨਸ਼ਿਆਂ ਵਿਰੁੱਧ

(ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਨ ਟੀਚਿੰਗ ਸਟਾਫ਼ ਲਈ)

ਕਿਰਪਾ ਕਰਕੇ ਤੁਹਾਡੇ ਕੋਲ ਕਿਸੇ ਵੀ ਤਰ੍ਹਾਂ ਦੀ ਸੂਚਨਾਂ ਹੈ, ਤਾਂ ਮੁਹੱਈਆ ਕਰਵਾਓ:

- ਸਕੂਲ ਦੇ ਅੰਦਰ ਜਾਂ ਬਾਹਰ ਨਸ਼ਿਆਂ ਦੀ ਵਰਤੋਂ:

- ਨਸ਼ਾ ਸਪਲਾਈ ਕਰਨ ਵਿੱਚ ਸ਼ਾਮਿਲ ਵਿਅਕਤੀ:

- ਜਗ੍ਹਾ, ਜਿੱਥੇ ਨਸ਼ੇ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਵੇਚਿਆ ਜਾਂਦਾ ਹੈ:

- ਨਸ਼ੇ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ:

**ਸੂਚਨਾਂ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ**

ਹਦਾਇਤਾਂ:

- ਆਪਣਾ ਨਾਮ ਨਾ ਲਿਖੋ।
- ਤੁਹਾਡੀ ਸੂਚਨਾਂ ਪੂਰੀ ਤਰ੍ਹਾਂ ਸਹੀ ਅਤੇ ਸਪਸ਼ਟ ਹੋਵੇ।
- ਸਲਿਪ ਨੂੰ ਮੋੜੋ ਅਤੇ ਇਸ ਨੂੰ ਗੁਪਤ ਸੂਚਨਾਂ ਬਾਕਸ ਵਿੱਚ ਪਾ ਦਿਓ।